ਅਤੀ ਜ਼ਰੂਰੀ

ਪੰਜਾਬ ਸਰਕਾਰ
ਮਾਲ, ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ
( ਭੋਂ ਮਾਲੀਆ ਸ਼ਾਖਾ )

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰਜ਼।
2. ਪੰਜਾਬ ਰਾਜ ਦ ਸਮੂਹ ਡਿਪਟੀ ਕਮਿਸ਼ਨਰਜ਼।

ਮੀਮੋ ਨੰ: 25/18/2020-ਭਮ-2/6338-6339
ਚੰਡੀਗੜ੍ਹ, ਮਿਤੀ 14-05-2020

ਵਿਸ਼ਾ: ਇੰਤਕਾਲਾਂ ਦੇ ਕੰਮ ਨੂੰ ਸ਼ੁਰੂ ਕਰਨ ਬਾਰੇ।

::::

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਰਕਾਰ ਦੇ ਪੱਤਰ ਨੰਬਰ FCR/Camp office/2020/273, ਮਿਤੀ 22 ਮਾਰਚ 2020 ਰਾਹੀਂ ਸਬ ਰਜਿਸਟਰਾਰ/ ਜੁਆਇੰਟ ਸਬ ਰਜਿਸਟਰਾਰ ਦੇ ਕੰਮ ਦੇ ਨਾਲ-ਨਾਲ ਪੰਜਾਬ ਲੈਂਡ ਰੈਵਿਨਿਊ ਐਕਟ, 1887 ਅਤੇ ਮਾਲ ਵਿਭਾਗ ਨਾਲ ਸਬੰਧਤ ਹੋਰ ਕਾਨੂੰਨਾਂ ਅਧੀਨ ਕੁਆਸ਼ੀ-ਜੁਡੀਸ਼ੀਅਲ ਕੰਮ ਨੂੰ ਕੋਵਿਡ-19 ਦੀ ਮਹਾਂਮਾਰੀ ਕਰਕੇ ਮੁਅੱਤਲ ਕਰ ਦਿੱਤਾ ਗਿਆ ਸੀ।

2. ਜਿਵੇਂ ਕਿ, ਹੁਣ ਸਰਕਾਰ ਵਲੋਂ ਆਪਣੇ ਪੱਤਰ ਨੰਬਰ 01/02/2020/ਐਸ.ਟੀ.2/ 6226-28, ਮਿਤੀ 6.5.2020 ਰਾਹੀਂ ਸਬ ਰਜਿਸਟਰਾਰ ਦਫਤਰ ਵਿਖੇ ਦਸਤਾਵੇਜ਼ਾਂ ਦੀ ਰਜਿਸਟਰੇਸ਼ਨ ਦਾ ਕੰਮ ਕੁਝ ਬੰਦਸ਼ਾਂ ਤਹਿਤ ਮੁੜ ਸ਼ੁਰੂ ਕਰਨ ਦੇ ਹੁਕਮ ਕੀਤੇ ਗਏ ਹਨ।

3. ਇਸ ਲਈ, ਹਾਲ ਦੀ ਘੜੀ, ਮਿਤੀ 15.5.2020 ਤੋਂ ਝਗੜਾ ਰਹਿਤ ਇੰਤਕਾਲਾਂ ਦੇ ਕੰਮ ਦਾ ਨਿਪਟਾਰਾ ਕਰਨ ਸਬੰਧੀ ਹੁਕਮ ਕੀਤਾ ਜਾਂਦਾ ਹੈ। ਜਦ ਕਿ ਹੋਰ ਕਿਸੇ ਕਿਸਮ ਦਾ ਕੁਆਸ਼ੀ ਜੁਡੀਸ਼ੀਅਲ, ਅਪੀਲਾਂ ਜਾਂ ਰਵੀਜ਼ਨ ਸਬੰਧੀ ਕਿਸੇ ਵੀ ਪੱਧਰ ਤੇ ਕੰਮ ਹਾਲ ਦੀ ਘੜੀ ਅਗਲੇ ਹੁਕਮਾਂ ਤੱਕ ਬੰਦ ਹੀ ਰਹੇਗਾ।

4. ਇਹ ਦਿਸ਼ਾ ਨਿਰਦੇਸ਼ ਸਮਰੱਥ ਅਧਿਕਾਰੀ ਦੀ ਪਰਵਾਨਗੀ ਉਪਰੰਤ ਜਾਰੀ ਕੀਤੇ ਜਾ ਰਹੇ ਹਨ।

ਕੈਪਟਨ ਕਰਨੈਲ ਸਿੰਘ
ਵਧੀਕ ਸਕੱਤਰ ਮਾਲ
ਵਾਸਤੇ ਵਿੱਤੀ ਕਮਿਸ਼ਨਰ ਮਾਲ-ਕਮ-
ਵਿਸ਼ੇਸ਼ ਮੁੱਖ ਸਕੱਤਰ ਮਾਲ

ਪਿੱਠ ਅੰਕਣ ਨੰ: 25/18/2020-ਭਮ-2/6340-42 ਚੰਡੀਗੜ੍ਹ, ਮਿਤੀ 14-05-2020

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰਜ਼।
2. ਪੰਜਾਬ ਰਾਜ ਦੇ ਸਮੂਹ ਜ਼ਿਲਾ ਮਾਲ ਅਫਸਰ।
3. ਪੰਜਾਬ ਰਾਜ ਦੇ ਸਮੂਹ ਸਬ ਰਜਿਸਟਰਾਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਸਬੰਧਤ ਕਾਨੂੰਗੋ/ਪਟਵਾਰੀਆਂ ਨੂੰ ਵੀ ਕਿਹਾ ਜਾਵੇ।

CS Scanned with CamScanner